# ਪੱਤਰ

# ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਦੇ ਨਾਮ ਇੱਕ ਖਤ

ਜਥੇਦਾਰ ਸਾਹਿਬ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਦੀ ਅਮਰੀਕਾ ਫੇਰੀ ਤੇ ਮੈਂ ਆਪ ਜੀ ਦੇ ਦਰਸ਼ਨ ਨਹੀਂ ਕਰ ਸਕਿਆ। ਆਪ ਜੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹੋ। ਪੂਰੇ ਸਿੱਖ ਭਾਈਚਾਰੇ ਦਾ ਫਰਜ਼ ਬਣਦਾ ਹੈ ਆਪ ਜੀ ਦਾ ਸਤਿਕਾਰ ਕਰਨਾ। ਦਾਸ ਵੀ ਸਿੱਖ ਹੋਣ ਦੇ ਨਾਤੇ ਆਪ ਜੀ ਦਾ ਬਹੁਤ ਸਤਿਕਾਰ ਕਰਦਾ ਹੈ। ਸਿੱਖ ਹੋਣ ਦੇ ਨਾਤੇ ਦਿਲ ਕਰਦਾ ਸੀ ਕਿ ਆਪ ਜੀ ਦੇ ਕੋਲ ਬੈਠ ਕੇ ਆਪ ਜੀ ਨਾਲ ਵਿਚਾਰ ਸਾਂਝੇ ਕਰਾਂ। ਮਾਫੀ ਚਾਹੁੰਦਾ ਹਾਂ ਟਾਈਮ ਨਹੀਂ ਮਿਲਿਆ। ਇਸ ਲਈ ਆਪ ਜੀ ਨੂੰ ਖਤ ਲਿਖ ਰਿਹਾ ਹਾਂ। ਸਮਾਂ ਮਿਲੇ ਤਾਂ ਖਤ ਪੜ੍ਹ ਕੇ ਵਿਚਾਰ ਜ਼ਰੂਰ ਸਾਂਝੇ ਕਰ ਲੈਣਾ ਜੀ –

1. ਮੇਰਾ ਪਹਿਲਾ ਸਵਾਲ ਹੈ ਕਿ ਇੱਕ ਸਿੱਖ ਦੀ ਕੀ ਪ੍ਰੀਭਾਸ਼ਾ ਹੈ? ਸਿੱਖ ਕਿਸ ਨੂੰ ਆਖਦੇ ਹਨ?
2. ਕੀ ਇੱਕ ਸਿੱਖ ਨੂੰ ਆਸ਼ੂਤੋਸ਼, ਭਨਿਆਰੇ ਵਾਲਾ, ਸੌਦਾ ਸਾਧ ਜਾਂ ਹੋਰ ਕਈ ਸਾਧਾਂ ਦੇ ਡੇਰਿਆਂ 'ਤੇ ਚੌਂਕੀਆਂ ਭਰਨ ਦਾ ਹੱਕ ਹੈ? ਜਾਂ ਮੰਦਰ ਵਿੱਚ ਟਿੱਕੇ ਲਗਵਾਉਣ ਦਾ ਹੱਕ ਹੈ? ਜੇ ਹੈ ਤਾਂ ਉਸ ਦਾ ਵੇਰਵਾ ਦੱਸਿਆ ਜਾਵੇ। ਜੇ ਨਹੀਂ ਤਾਂ ਅਕਾਲੀ ਪਾਰਟੀ ਨਾਲ ਸਬੰਧ ਰੱਖਣ ਵਾਲੇ ਬਾਦਲ ਪਰਿਵਾਰ ਨੂੰ ਤੁਸੀਂ ਸਿੱਖ ਆਖੋਗੇ ਜਾਂ ਕਿ .......? ਇਸ ਦੇ ਬਾਰੇ ਆਪਣੇ ਵਿਚਾਰ ਦੱਸਣਾ ਜੀ?
3. ਅਕਾਲੀ ਤੋਂ ਕੀ ਭਾਵ ਹੈ? ਅਕਾਲੀ ਕਿਸ ਨੂੰ ਆਖਦੇ ਹਨ?
4. ਹੰਸ ਰਾਜ ਹੰਸ ਅਕਾਲੀ ਪਾਰਟੀ ਵਿੱਚ ਹਿੱਸਾ ਲੈ ਰਹੇ ਹਨ। ਜ਼ਰਾ ਗੌਰ ਨਾਲ ਹੰਸ ਰਾਜ ਹੰਸ ਵੱਲ ਤੱਕੋ ਕਿ ਕੀ ਉਹ ਅਕਾਲੀ ਹੈ? ਕੀ ਤੁਸੀਂ ਉਸ ਨੂੰ ਅਕਾਲੀ ਫੂਲਾ ਸਿੰਘ ਨਾਲ ਮਿਲਾ ਸਕਦੇ ਹੋ? ਆਪਣੇ ਵਿਚਾਰ ਦੱਸਣਾ ਜੀ?
5. ਬੀ. ਜੇ. ਪੀ. ਪਾਰਟੀ ਨਾਲ ਸਬੰਧ ਰੱਖਣ ਵਾਲੇ ਅਡਵਾਨੀ ਸਾਹਿਬ ਨੇ ਆਪਣੀ ਕਿਤਾਬ "ਮਾਈ ਕੰਟਰੀ ਮਾਈ ਲਾਈਫ" ਵਿੱਚ ਜ਼ਾਹਰ ਕਰ ਦਿੱਤਾ ਹੈ ਕਿ ਅਸੀਂ ਦਰਬਾਰ ਸਾਹਿਬ ਜੀ ਦੇ ਉੱਤੇ ਹਮਲਾ ਕਹਿ ਕੇ ਕਰਵਾਇਆ ਸੀ। ਪਰ ਉਸੇ ਹੀ ਬੀ. ਜੇ. ਪੀ. ਪਾਰਟੀ ਨਾਲ ਅਕਾਲੀ ਦਲ ਪਾਰਟੀ ਘਿਓ-ਖਿਚੜੀ ਹੋਏ ਪਏ ਹਨ। ਕੀ ਕਾਰਨ ਹੈ, ਇਸ ਬਾਰੇ ਆਪਣੇ ਵਿਚਾਰ ਦੱਸਣਾ ਜੀ?
6. ਸਿੱਖੀ ਵਿੱਚ ਜਾਤਾਂ ਅਤੇ ਗੋਤਾਂ ਦੀ ਕੀ ਮਹਾਨਤਾ ਹੈ ਜੀ? ਅਕਾਲੀ ਦਲ ਪਾਰਟੀ ਨਾਲ ਸਬੰਧ ਰੱਖਣ ਵਾਲੇ ਕੁਝ ਸੂਝਵਾਨ ਸੱਜਣ ਆਪਣੇ ਨਾਮ ਦੇ ਨਾਲ ਲੱਕੜ ਸਾਹਿਬ ਅਤੇ ਭਵੱਕੜ ਸਾਹਿਬ, ਕਾਨ ਸਾਹਿਬ ਅਤੇ ਨਿਸ਼ਾਨ ਸਾਹਿਬ ਲਿਖਵਾਈ ਫਿਰਦੇ ਹਨ। ਇਸ ਦੇ ਬਾਰੇ ਵਿੱਚ ਆਪਣੇ ਵਿਚਾਰ ਦੱਸਣਾ ਜੀ?
7. ਪਿਛਲੇ ਸਾਲ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ ਅਮਰੀਕਾ ਆਏ ਸਨ। ਕਾਫੀ ਸਿੱਖ ਆਗੂਆਂ ਨੇ ਉਨ੍ਹਾਂ ਨੂੰ ਖਾਲਿਸਤਾਨ ਬਾਰੇ ਪੁੱਛਿਆ ਸੀ ਤਾਂ ਉਨ੍ਹਾਂ ਨੇ ਬਹੁਤ ਵਧੀਆ ਜਵਾਬ ਦਿੱਤਾ ਸੀ ਕਿ ਇੱਕ ਪੰਛੀ ਨੂੰ ਵੀ ਆਪਣਾ ਘਰ ਬਣਾਉਣ ਦੀ ਜ਼ਰੂਰਤ ਹੈ। ਪਰ ਸਭ ਤੋਂ ਪਹਿਲਾਂ ਸਾਨੂੰ ਆਪਣੇ ਹਿਰਦੇ ਨੂੰ ਪਵਿੱਤਰ ਕਰਨਾ ਚਾਹੀਦਾ ਹੈ। ਸੱਚੇ ਪਾਤਸ਼ਾਹ ਘਰ ਦੀ ਬਖਸ਼ਿਸ਼ ਆਪੇ ਹੀ ਕਰ ਦੇਣਗੇ। ਜਦੋਂ ਉਹ ਇੰਡੀਆ ਵਾਪਸ ਗਏ ਤਾਂ ਪੰਜਾਬ ਵਿੱਚ ਸਿਆਸਤ ਦੀ ਧਾਰਮਿਕ ਬੁੱਕਲ ਨੇ ਉਨ੍ਹਾਂ ਨਾਲ ਕੀ ਘਾਲੇ-ਮਾਲੇ ਕੀਤੇ, ਆਪ ਜੀ ਦੇ ਇਸ ਬਾਰੇ ਕੀ ਵਿਚਾਰ ਹਨ ਜੀ?
8. ਆਮ ਚਲਦੀਆਂ ਫਿਰਦੀਆਂ ਗੱਲਾਂ ਤੋਂ ਪਤਾ ਚੱਲਿਆ ਕਿ ਕੁਝ ਸਾਧਾਂ ਦੇ ਚੇਲੇ ਤੁਹਾਡੇ ਨਾਲ-ਨਾਲ ਕਾਫੀ ਘੁੰਮ ਰਹੇ ਹਨ। ਇਸ ਦਾ ਕੀ ਕਾਰਨ ਹੈ, ਤੁਹਾਡੇ ਇਸ ਬਾਰੇ ਕੀ ਵਿਚਾਰ ਹਨ?

ਸਿੱਖ ਕੌਮ ਦਾ ਸੇਵਾਦਾਰ

**ਭਾਈ ਜਸਮਿੱਤਰ ਸਿੰਘ ਮੁਜ਼ੱਫਰਪੁਰ**

**ਕਾਰਟਰੇਟ ਨਿਊਜਰਸੀ**

**ਫੋਨ** (908) 472-5367